# ਆਲਾ ਦੁਆਲਾ

## ਸ਼ਹਿਰੀਕਰਨ ਦੀਆਂ ਮੁਸੀਬਤਾਂ

ਭਾਰਤ ਵਿੱਚ ਪੇਂਡੂ ਅਬਾਦੀ ਕਿਸੇ ਵੇਲੇ 90% ਸੀ, ਅਜ਼ਾਦੀ ਵੇਲੇ ਇਹ 80% ਸੀ ਤੇ ਹੁਣ ਘੱਟ ਕੇ ਦੋ ਤਿਹਾਈ ਹੀ ਰਹਿ ਗਈ ਹੈ। ਸ਼ਹਿਰਾਂ, ਕਸਬਿਆਂ ਦਾ ਵਧਦੇ ਜਾਣਾ, ਨਵੀਆਂ ਕਲੋਨੀਆਂ ਦਾ ਉਸਰਨਾ, ਉਦਯੋਗਾਂ ਦੇ ਵਾਧੇ ਨਾਲ ਕਿਰਤੀਆਂ ਦਾ ਨਵੇਂ ਸਥਾਨਾਂ 'ਤੇ ਵੱਸਣਾ, ਖੇਤੀ ਦਾ ਬਹੁਤ ਲਾਭਕਾਰੀ ਨਾ ਹੋਣਾ ਆਦਿ ਕਈ ਕਾਰਨਾਂ ਕਰਕੇ ਸ਼ਹਿਰੀਕਰਨ ਵੱਧ ਰਿਹਾ ਹੈ। ਅਤਿ ਗਰੀਬ ਵਰਗ ਦੇ ਲੋਕ ਕਰੋੜਾਂ ਦੀ ਗਿਣਤੀ ਵਿੱਚ ਮਹਾਂਨਗਰਾਂ, ਨਗਰਾਂ ਤੇ ਕਸਬਿਆਂ ਵਿੱਚ ਝੁੱਗੀ ਝੌਂਪੜੀਆਂ ਵਿੱਚ ਰਹਿੰਦੇ ਹਨ। ਦਿੱਲੀ, ਮੁੰਬਈ, ਕਾਨ੍ਹਪੁਰ, ਲੁਧਿਆਣਾ, ਕਲਕੱਤਾ ਤੇ ਹੋਰ ਵੱਡੇ ਸ਼ਹਿਰਾਂ ਦੇ ਝੌਂਪੜੀ ਇਲਾਕੇ ਸ਼ਹਿਰਾਂ ਦਾ ਅਨਿਖੜਵਾਂ ਜ਼ਰੂਰੀ ਅੰਗ ਬਣ ਗਏ ਹਨ। ਮੰਗਣ ਵਾਲੇ ਵਰਗ ਦੇ ਕਰੋੜਾਂ ਲੋਕ ਇਨ੍ਹਾਂ ਸ਼ਹਿਰਾਂ ਵਿੱਚ ਤੁਰਦੇ ਫਿਰਦੇ ਤੇ ਪੱਕਾ ਨਿਵਾਸ ਲੱਭਦੇ ਰਹਿੰਦੇ ਹਨ। ਮੰਗਣ ਦੇ ਨਾਲ-ਨਾਲ ਚੋਰੀ, ਨਸ਼ਾ, ਦੇਹ ਵਪਾਰ, ਜੁਰਮ ਆਦਿ ਦੇ ਵਿੱਚ ਵੀ ਲੱਗਣ ਵਾਲੇ ਲੱਖਾਂ ਹੀ ਹੋਣਗੇ। ਇਹ ਵੀ ਝੂਠ ਨਹੀਂ ਕਿ ਜਿਹੜੇ ਬੱਚੇ ਤੇ ਨੌਜਵਾਨ ਇਨ੍ਹਾਂ ਝੁੱਗੀਆਂ ਵਿੱਚੋਂ ਕੰਮ-ਧੰਧੇ ਸਿੱਖਣ ਵੱਲ ਲੱਗ ਜਾਂਦੇ ਹਨ, ਉਹ ਆਪਣਾ ਜੀਵਨ ਪੱਧਰ ਉੱਚਾ ਕਰਕੇ ਦਿਖਾ ਦੇਂਦੇ ਹਨ। ਇਸ ਦੇ ਵਿੱਚ ਸਰਕਾਰੀ ਯੋਜਨਾਵਾਂ ਦਾ ਹਿੱਸਾ ਤਾਂ ਨਾ ਮਾਤਰ ਹੀ ਹੁੰਦਾ ਹੈ, ਗੈਰ-ਸਰਕਾਰੀ ਸੰਸਥਾਵਾਂ ਦੇ ਵੱਲੋਂ ਕਈ ਲਾਭਕਾਰੀ ਪ੍ਰੇਰਣਾ ਤੇ ਸਹਾਇਤਾ ਸਕੀਮਾਂ ਦਾ ਲਾਭ, ਇਨ੍ਹਾਂ ਝੌਂਪੜੀਆਂ ਵਿੱਚ ਰਹਿੰਦੇ ਲੋਕਾਂ ਨੂੰ ਜ਼ਰੂਰ ਮਿਲਦਾ ਹੈ। ਕੁੱਝ ਸੰਸਥਾਵਾਂ ਨੇ ਇਸ ਪਾਸੇ ਕਾਫੀ ਕੰਮ ਕਰਨ ਦੀ ਸੋਚੀ ਹੈ। ਕਈ ਗੈਰ-ਪ੍ਰਤੀਬੱਧ ਲੋਕ ਵੀ ਇਸ ਪਾਸੇ ਕੰਮ ਕਰਦੇ ਹਨ। ਰਾਜਸੀ ਪਾਰਟੀਆਂ ਦਾ ਕੰਮ ਏਨਾ ਘਟੀਆ ਹੁੰਦਾ ਹੈ ਕਿ ਕੇਵਲ ਵੋਟਾਂ ਦੇ ਨੇੜੇ ਜਾ ਕੇ ਇਨ੍ਹਾਂ ਝੁੱਗੀਆਂ ਝੌਂਪੜੀਆਂ ਦੇ ਨੇਤਾਵਾਂ ਨੂੰ ਨਸ਼ਾ ਤੇ ਪੈਸਾ ਵੰਡ ਕੇ ਵੋਟਾਂ ਬਟੋਰਨ ਦੀ ਰੁਚੀ ਰੱਖਦੀਆਂ ਹਨ ਤੇ ਇਹ ਇੱਛਾ ਵੀ ਰੱਖਦੀਆਂ ਹਨ ਕਿ ਇਹ ਝੌਂਪੜੀਆਂ ਇਕ ਥਾਂ ਇਕੱਠੀਆਂ ਰਹਿਣ।

ਗੰਦਾ ਰਹਿਣ ਸਹਿਣ, ਬੀਮਾਰੀਆਂ, ਮੱਛਰ ਆਦਿ ਇਨ੍ਹਾਂ ਖੇਤਰਾਂ ਦੇ ਮੁੱਖ ਲੱਛਣ ਬਣ ਜਾਂਦੇ ਹਨ। ਸ਼ਹਿਰੀਕਰਣ ਇਕ ਮਹਿੰਗਾ ਸੌਦਾ ਹੈ ਤੇ ਇਸ ਦੇ ਲਈ ਜੋ ਪ੍ਰਸ਼ਾਸਨਿਕ ਅਧਿਕਾਰੀ, ਕਰਮਚਾਰੀ ਤੇ ਠੇਕੇਦਾਰ ਜ਼ਿੰਮੇਵਾਰ ਹੁੰਦੇ ਹਨ, ਉਨ੍ਹਾਂ 'ਚੋਂ ਜ਼ਰੂਰ ਹੀ ਪੰਜਾਹ ਪ੍ਰਤੀਸ਼ਤ ਤਾਂ ਸਿਰੇ ਦੇ ਭ੍ਰਿਸ਼ਟਾਚਾਰੀ ਹੁੰਦੇ ਹਨ ਜੋ ਸਰਕਾਰੀ ਖ਼ਜ਼ਾਨੇ 'ਤੇ ਹੀ ਪਲਦੇ ਹਨ।

## ਸੜਕੀ ਆਵਾਜਾਈ

ਸੜਕੀ ਆਵਾਜਾਈ ਦੀਆਂ ਔਕੜਾਂ ਵੱਧਦੀਆਂ ਜਾ ਰਹੀਆਂ ਹਨ। ਸੜਕੀ ਹਾਦਸਿਆਂ ਵਿੱਚ ਹਜ਼ਾਰਾਂ ਲੋਕ ਮਰੀ ਜਾ ਰਹੇ ਹਨ। ਲੱਖਾਂ ਲੋਕ ਆਧੁਨਿਕ ਵਾਹਨਾਂ ਤੇ ਮੋਟਰ ਗੱਡੀਆਂ ਦਾ ਅਨੰਦ ਨਹੀਂ ਲੈ ਸਕਦੇ ਕਿਉਂਕਿ ਮੋਟਰ ਗੱਡੀਆਂ ਦੀ ਗਿਣਤੀ ਤਾਂ ਕੌੜੀ ਵੇਲ ਵਾਂਗੂੰ ਵਧੀ ਹੈ ਪਰ ਸੜਕਾਂ ਦੀ ਚੌੜਾਈ ਤੇ ਸੁਰੱਖਿਆ ਵਿਵਸਥਾ ਨੂੰ ਮਜ਼ਬੂਤ ਕਰਨ ਵਿੱਚ ਅਸੀਂ ਸਫ਼ਲ ਨਹੀਂ ਹੋ ਸਕੇ।

ਪੰਜਾਬ ਵਿੱਚ ਹੀ ਮੁੱਖ ਸ਼ਹਿਰਾਂ ਦੇ ਬਾਹਰਵਾਰ ਟਰੌਮਾ ਸੈਂਟਰ ਬਨਾਉਣ ਦੀ ਭਾਰੀ ਲੋੜ ਪੈ ਗਈ ਹੈ ਤੇ ਦੂਰ ਦੁਰਾਡੇ ਥਾਵਾਂ ਤੋਂ ਐਂਬੂਲੈਂਸ ਗੱਡੀਆਂ ਦੌੜਦੀਆਂ ਵੱਡੇ ਸ਼ਹਿਰਾਂ ਵੱਲ ਬਜਰ ਵਜਾਉਂਦੀਆਂ ਆਉਂਦੀਆਂ ਹਨ।

ਸਰਕਾਰਾਂ ਨੇ ਕਈ ਵਾਰ ਸੜਕਾਂ ਦੇ ਵਿਸਥਾਰ ਦੀ ਯੋਜਨਾ ਉਲੀਕੀ ਹੈ ਤੇ ਇਸ ਪਾਸੇ ਕੰਮ ਦੀ ਸ਼ੁਰੂਆਤ ਨਜ਼ਰੀਂ ਵੀ ਪੈਂਦੀ ਹੈ। ਲੁਧਿਆਣਾ-ਬਠਿੰਡਾ ਸੜਕ ਚੌੜੀ ਹੋ ਰਹੀ ਹੈ, ਪੁੱਲੀਆਂ ਬਣ ਰਹੀਆਂ ਹਨ, ਜੇ ਇਸ ਨੂੰ ਜੀ.ਟੀ.ਰੋਡ ਦੀ ਤਰਜ਼ 'ਤੇ ਦੋ ਪਾਸੀਂ ਕਰ ਦਿੱਤਾ ਜਾਵੇ ਤਾਂ ਹੁਣ ਸੁਨਹਿਰੀ ਸਮੇਂ ਦਾ ਲਾਭ ਹੋ ਸਕਦਾ ਹੈ। ਜਲੰਧਰ-ਪਠਾਨਕੋਟ ਸੜਕ ਦਾ ਕੰਮ ਭੋਗਪੁਰ ਤੱਕ ਬਹੁਤ ਸੁੰਦਰ ਹੈ, ਇਸ ਦੀ ਗਤੀ ਤੇਜ਼ ਕਰਨ ਲਈ ਕੰਪਨੀ ਨੂੰ ਲੋੜੀਂਦਾ ਪੈਸਾ ਦੇ ਕੇ ਜ਼ੋਰ ਦੇਣਾ ਚਾਹੀਦਾ ਹੈ। ਜਲੰਧਰ-ਅੰਮ੍ਰਿਤਸਰ ਸੜਕ ਦੇ ਦੋਹਰੇਪਣ ਦਾ ਕੰਮ ਵੀ ਤੇਜ਼ੀ ਨਾਲ ਕਰਨਾ ਚਾਹੀਦਾ ਹੈ ਕਿਉਂਕਿ ਇਹ ਸੜਕ ਕੇਵਲ ਅੰਮ੍ਰਿਤਸਰ ਵਰਗੇ ਮਹੱਤਵਪੂਰਨ ਸ਼ਹਿਰ ਨਾਲ ਹੀ ਨਹੀਂ ਜੋੜਦੀ ਸਗੋਂ ਇਹ ਪਾਕਿਸਤਾਨ ਦੇ ਰਾਹ ਤੋਂ ਵਿਦੇਸ਼ੀ ਸੈਲਾਨੀਆਂ ਦੇ ਸੜਕ ਰਸਤੇ ਦਾਖ਼ਲੇ ਅਤੇ ਸਵਾਗਤ ਦਾ ਇਕ ਸਾਧਨ ਵੀ ਹੈ।

## ਸੁਰੱਖਿਆ ਚੈਕਿੰਗ ਦੀ ਨਵੀਂ ਨਿਯਮਾਵਲੀ

ਅਮਰੀਕਾ ਦੇ ਆਵਾਜਾਈ ਸੁਰੱਖਿਆ ਪ੍ਰਸ਼ਾਸਨ (ਟੀ.ਐਸ.ਏ.) ਨੇ ਆਪਣੀ ਨਵੀਂ ਨਿਯਮਾਂਵਲੀ ਵਿੱਚ ਐਲਾਨ ਕੀਤਾ ਹੈ ਕਿ ਹਵਾਈ ਯਾਤਰਾ ਕਰਨ ਵਾਲੇ ਸਿੱਖਾਂ ਨੂੰ ਅਮਰੀਕੀ ਸਕਰੀਨਿੰਗ ਚੈੱਕ ਪੁਆਇੰਟਾਂ 'ਤੇ ਪੱਗਾਂ ਉਤਰਵਾ ਕੇ ਨਹੀਂ ਚੈਕ ਕੀਤਾ ਜਾਵੇਗਾ। ਟੀ.ਐਸ.ਏ. ਨੇ ਨਵੇਂ ਸੁਰੱਖਿਆ ਪ੍ਰਬੰਧ ਲਈ ਸਿੱਖ ਯਾਤਰੀਆਂ ਦੀ ਚੈਕਿੰਗ ਲਈ ਸਿੱਖ ਨੌਜਵਾਨਾਂ ਦੀ ਭਰਤੀ ਦਾ ਅਮਲ ਵੀ ਆਰੰਭ ਦਿੱਤਾ ਹੈ। ਆਵਾਜਾਈ ਸੁਰੱਖਿਆ ਪ੍ਰਸ਼ਾਸਨ ਦਾ ਨਵਾਂ ਫੈਸਲਾ, ਸਿੱਖਾਂ ਵਲੋਂ ਚੈਕਿੰਗ ਵੇਲੇ ਪੱਗਾਂ ਲੁਹਾਏ ਜਾਣ ਵਿਰੁੱਧ ਰੋਸ ਪ੍ਰਗਟਾਵਿਆਂ ਮਗਰੋਂ ਆਇਆ ਹੈ।

ਨਵੀਂ ਨਿਯਮਾਂਵਲੀ ਅਨੁਸਾਰ ਸਿਰਫ ਧਾਰਮਿਕ ਭਾਵਨਾਵਾਂ ਨਾਲ ਸਿਰ ਢੱਕਣ ਵਾਲੇ ਵਿਅਕਤੀਆਂ ਦੇ ਸਿਰ ਨੰਗੇ ਨਹੀਂ ਕੀਤੇ ਜਾਇਆ ਕਰਨਗੇ ਤੇ ਉਨ੍ਹਾਂ ਨੂੰ ਵੱਖਰੇ ਸੁਰੱਖਿਆ ਅਮਲ ਵਿੱਚ ਧਮਾਕਾਖੇਜ਼ ਸਮੱਗਰੀ ਤੇ ਰਸਾਇਣਾਂ ਦੀ ਹੋਂਦ ਪਤਾ ਲਾ ਲੈਣ ਵਾਲੀਆਂ ਮਸ਼ੀਨਾਂ ਵਿੱਚੋਂ ਲੰਘਣਾ ਪਵੇਗਾ। ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਅਮਰੀਕੀ ਗ੍ਰਹਿ ਵਿਭਾਗ ਦੇ ਫੈਡਰਲ ਸਕਿਓਰਿਟੀ ਡਾਇਰੈਕਟਰ ਐਡਵਰਡ ਡਬਲਿਊ. ਗੋਮਜ਼ ਨੇ ਕਿਹਾ ਹਵਾਈ ਅੱਡਿਆਂ ਉੱਤੇ ਸਿੱਖਾਂ ਦੀ ਚੈਕਿੰਗ ਵਿੱਚੋਂ ਵਿਰੋਧਾਂ ਨੂੰ ਹੱਲ ਕਰਨ ਲਈ ਉਨ੍ਹਾਂ ਦੇ ਵਿਭਾਗ ਨੇ ਸਿੱਖ ਨੌਜਵਾਨਾਂ ਨੂੰ ਹੀ ਭਰਤੀ ਕਰ ਲੈਣ ਦਾ ਫੈਸਲਾ ਕੀਤਾ ਹੈ ਤਾਂ ਜੋ ਸੁਰੱਖਿਆ ਚੈਕਿੰਗ ਅਮਲ ਦੌਰਾਨ ਘੱਟੋ-ਘੱਟ ਧਾਰਮਿਕ ਭਾਵਨਾਵਾਂ ਨੂੰ ਤਾਂ ਠੇਸ ਨਾ ਲੱਗੇ।

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ (ਪੰਨਾ ੪੭੩)